ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 03 ਫਰਵਰੀ ਸੋਮਵਾਰ 2025

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ





ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


# ਪੰਜਾਬੀ ਭਾਸ਼ਾ ਹੀ ਨੌਜਵਾਨ ਪੀੜੀ ਨੂੰ ਰਿਸ਼ਤਿਆਂ ਦੇ ਮੋਹ, ਨੈਤਿਕਤਾ ਤੇ ਸੰਸਕਾਰਾਂ ਨਾਲ ਜੋੜਦੀ ਹੈ : ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ

*ਬਰੈਂਪਟਨ 3 ਫ਼ਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਵਿਦੇਸ਼ ਦੀ ਧਰਤੀ ਤੇ ਰਹਿੰਦਿਆਂ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪਾਸਾਰ ਲਈ ਯਤਨਸ਼ੀਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨਾਲ ਖ਼ਾਸ ਗੱਲਬਾਤ ਕੀਤੀ ਗਈ। ਇਸ ਗੱਲਬਾਤ ਵਿੱਚ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਦਾ ਰੁਤਬਾ ਬਹੁਤ ਮਹਾਨ ਹੈ। ਇਸ ਲਈ ਪੰਜਾਬੀ ਮਾਂ ਬੋਲੀ ਨੂੰ ਸਾਂਭਣਾ ਸਾਡਾ ਫ਼ਰਜ਼ ਹੈ ਤੇ ਇਸ ਦਾ ਪ੍ਰਚਾਰ ਕਰਨਾ ਵੀ ਸਾਡਾ ਹੀ ਫ਼ਰਜ਼ ਹੈ। ਪੰਜਾਬੀ ਮਾਂ ਬੋਲੀ ਤੇ ਸੱਭਿਆਚਾਰ ਨੂੰ ਬਚਾਉਣ ਲਈ ਨੌਜਵਾਨ ਪੀੜੀ ਨੂੰ ਆਪਣੀ ਮਾਂ ਬੋਲੀ ਨਾਲ ਜੋੜ ਕੇ ਰੱਖਣਾ ਬਹੁਤ ਜਰੂਰੀ ਹੈ। ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨਾਲ ਹੋਈ ਗੱਲਬਾਤ ਨੂੰ ਪੂਰਾ ਪੜ੍ਹਨ ਲਈ ਪਿਛਲਾ ਅੰਕ ਜਰੂਰ ਪੜਿਆਂ ਜਾਵੇ।*

**ਪ੍ਰਸ਼ਨ :** ਜਿਸ ਤਰ੍ਹਾਂ ਇੱਕ ਰਿਸ਼ਤੇ ਦੀ ਗੱਲ ਹੁੰਦੀ ਹੈ ਤੇ ਰਿਸ਼ਤੇ ਵਿੱਚ ਇੱਕ ਅਹਿਸਾਸ ਹੁੰਦਾ ਹੈ, ਇੱਕ ਭਾਵਨਾ ਹੁੰਦੀ ਹੈ ਤੇ ਇਕ ਸਾਂਝ ਹੁੰਦੀ ਹੈ। ਇਸੇ ਤਰਾਂ ਪੰਜਾਬੀ ਮਾਂ ਬੋਲੀ ਦਾ ਅੱਜ ਦੀ ਪੀੜ੍ਹੀ ਨਾਲ ਕਿਸ ਤਰਾਂ ਦਾ ਰਿਸ਼ਤਾ ਹੋਣਾ ਚਾਹਿਦਾ ਹੈ ?

**ਉੱਤਰ :** ਕੌਨਵੈਂਟ ਸਕੂਲਾਂ ਵਿੱਚ ਪੜਨ ਵਾਲੇ ਬੱਚੇ ਆਪਣੀ ਪੰਜਾਬੀ ਮਾਂ ਬੋਲੀ ਦੇ ਨਾਲ ਹੀ ਪੰਜਾਬੀ ਸੱਭਿਆਚਾਰ ਤੇ ਰਿਸ਼ਤਿਆਂ ਦੀ ਮਿਠਾਸ ਨੂੰ ਭੁੱਲ ਚੁੱਕੇ ਹਨ। ਉਹ ਭੁੱਲ ਚੁੱਕੇ ਹਨ ਕਿ ਦਾਦਾ- ਦਾਦੀ, ਚਾਚਾ-ਚਾਚੀਕੌਣ ਹਨ ਉਹਨਾਂ ਨੂੰ ਸਿਰਫ ਇਹ ਪਤਾ ਕੀ ਉਹਨਾਂ ਦੇ ਮੋਮ ਡੈਡ ਤੇ ਅੰਕਲ ਹੀ ਹਨ, ਪਰ ਇਹਨਾਂ ਬੱਚਿਆਂ ਨੂੰ ਰਿਸ਼ਤਿਆਂ ਦੀ ਪਰਿਭਾਸ਼ਾ ਤੇ ਉਹਨਾਂ ਦੀ ਮਿਠਾਸ ਪ੍ਰਤੀ ਸਮਝਾਉਣਾ ਪਵੇਗਾ। ਉਨਾਂ ਨੂੰ ਦੱਸਣਾ ਪਵੇਗਾ ਕਿ ਸਾਲਾ ਇੱਕ ਗਾਲ ਨਹੀਂ ਹੁੰਦੀ ਬਲਕਿ ਸਾਲਾ ਇੱਕ ਰਿਸ਼ਤਾ ਵੀ ਹੁੰਦਾ, ਪਰ ਰਿਸ਼ਤਿਆਂ ਨੂੰ ਪਰਿਭਾਸ਼ਿਤ ਕਰਨ ਤੋਂ ਪਹਿਲਾਂ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨਾ ਪਵੇਗਾ। ਕਿਉਂਕਿ ਪੰਜਾਬੀ ਮਾਂ ਬੋਲੀ ਹੀ ਇੱਕ ਅਜਿਹੀ ਭਾਸ਼ਾ ਹੈ ਜੋ ਨੌਜਵਾਨ ਪੀੜੀ ਨੂੰ ਰਿਸ਼ਤਿਆਂ ਦੇ ਮੋਹ, ਸੱਭਿਆਚਾਰ ਤੇ ਅਮੀਰ ਵਿਰਸੇ ਨਾਲ ਜੋੜਣ ਕੇ ਰੱਖ ਸਕਦੀ ਹੈ। ਅੱਜ ਪੰਜਾਬੀ ਭਾਸ਼ਾ ਪ੍ਰਤੀ ਸਾਡੀ ਵਿਚਾਰਧਾਰਾ ਬਦਲ ਚੁੱਕੀ ਹੈ ਜਿਸ ਨੂੰ ਸਹੀ ਲਾਈਨ ਤੇ ਲਿਆਉਣ ਦੀ ਜਰੂਰਤ ਹੈ।



**ਪ੍ਰਸ਼ਨ :** ਵਿਦੇਸ਼ਾਂ ਵਿੱਚ ਵੱਸਣ ਵਾਲੇ ਪੰਜਾਬੀਆਂ ਦਾ ਪੰਜਾਬੀ ਮਾਂ ਬੋਲੀ ਪ੍ਰਤੀ ਕੀ ਰੁਝਾਨ ਹੈ ?

**ਉੱਤਰ :** ਵਿਦੇਸ਼ਾਂ ਵਿੱਚ ਪੜਨ ਵਾਲੇ ਬੱਚੇ ਪੰਜਾਬੀ ਮਾਂ ਬੋਲੀ ਤੋਂ ਕੋਸੋ ਦੂਰ ਜਾ ਰਹੇ ਹਨ। ਉਹਨਾਂ ਨੂੰ 69 ਅੰਕ ਦਾ ਹੀ ਮਤਲਬ ਪਤਾ ਨਹੀਂ ਹੁੰਦਾ ਭਾਵ ਕਿ ਵਿਦੇਸ਼ ਦੀ ਧਰਤੀ ਤੇ ਰਹਿ ਰਹੇ ਪੰਜਾਬੀ ਬੱਚਿਆਂ ਨੂੰ ਇਕ ਦੋ ਦੀ ਗਿਣਤੀ ਹੀ ਨਹੀਂ ਆਉਂਦੀ, ਤਾਂ ਅਜਿਹੇ ਵਿੱਚ ਅਸੀਂ ਕੀ ਆਸ ਕਰ ਸਕਦੇ ਹਾਂ ਕਿ ਸਾਡੀ ਮਾਂ ਬੋਲੀ ਪੰਜਾਬੀ ਕਿਥੋਂ ਤੱਕ ਬਚ ਸਕੇਗੀ। ਅੱਜ ਅਸੀਂ ਮਾਂ ਬੋਲੀ ਦੀ ਸੇਵਾ ਤਾਂ ਕਰ ਰਹੇ ਹਾਂ ਕਿਉਂਕਿ ਅਸੀਂ ਆਪਣੇ ਪਿਛੋਕੜ ਆਪਣੇ ਸੱਭਿਆਚਾਰ ਆਪਣੇ ਅਮੀਰ ਵਿਰਸੇ ਨਾਲ ਜੁੜੇ ਹੋਏ ਹਾਂ। ਲੋਕਾਂ ਨੇ ਅੱਜ ਆਪਣੇ ਬੱਚਿਆਂ ਨੂੰ ਪੰਜਾਬੀ ਜੁਬਾਨ ਤੋਂ ਆਪਣੇ ਸੱਭਿਆਚਾਰ ਤੋਂ ਦੂਰ ਕਰ ਲਿਆ। ਜਦਕਿ ਪੰਜਾਬੀ ਭਾਸ਼ਾ ਨਾਲ ਸਾਡਾ ਸੱਭਿਆਚਾਰ, ਸਾਡਾ ਵਿਰਸਾ, ਸਾਡੇ ਸੰਸਕਾਰ ਤੇ ਨੈਤਿਕਤਾ ਵੀ ਜੁੜੀ ਹੋਈ ਹੈ। ਜੇਕਰ ਬੱਚੇ ਪੰਜਾਬੀ ਨਾਲੋਂ ਹੀ ਟੁੱਟ ਗਏ ਤਾਂ ਉਹ ਨੈਤਿਕਤਾ ਤੇ ਸੰਸਕਾਰ ਕਿਵੇਂ ਸਿੱਖ ਸਕਣਗੇ। ਅੱਜ ਪਰਿਵਾਰ ਛੋਟੇ ਹੋ ਗਏ ਜਦਕਿ ਪੁਰਾਣੇ ਵੇਲਿਆਂ ਵਿੱਚ ਵੱਡੇ ਪਰਿਵਾਰਾਂ ਵਿੱਚ ਹੀ ਬੱਚੇ ਨੈਤਿਕ ਗੁਣਾਂ ਨੂੰ ਗ੍ਰਹਿਣ ਕਰਦੇ ਸਨ, ਸੰਸਕਾਰ ਸਿੱਖਦੇ ਸਨ। ਇਸ ਲਈ ਸਾਨੂੰ ਅੱਜ ਆਪਣੀ ਸੋਚ ਬਦਲਣ ਦੀ ਲੋੜ ਹੈ, ਕਿਉਂਕਿ ਨਵੀਂ ਸੋਚ ਨੇ ਸਾਡੀ ਨੌਜਵਾਨ ਪੀੜੀ ਨੂੰ ਨੈਤਿਕਤਾ ਅਤੇ ਸੰਸਕਾਰਾਂ ਤੋਂ ਕੋਸੋ ਦੂਰ ਕਰ ਦਿੱਤਾ। ਜਦਕਿ ਪੁਰਾਣੀ ਸੋਚ ਭਾਵ ਕਿ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਬੱਚਿਆਂ ਵਿੱਚ ਨੈਤਿਕਤਾ ਪੈਦਾ ਕਰਦੀ ਸੀ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨਾ ਪਵੇਗਾ।

**ਪ੍ਰਸ਼ਨ :** ਜੋ ਪੰਜਾਬੀ ਬੱਚੇ ਵਿਦੇਸ਼ਾਂ ਵਿੱਚ ਪੜ੍ਹਾਈ ਕਰ ਰਹੇ ਨੇ, ਉਨਾਂ ਨੂੰ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਕੀ ਉਪਰਾਲੇ ਕੀਤੇ ਜਾ ਰਹੇ ?

**ਉੱਤਰ :** ਤੁਸੀਂ ਅੱਜ ਕੈਨੇਡਾ ਆਓ ਜਾਂ ਆਸਟਰੇਲੀਆ ਚਲੇ ਜਾਓ, ਸਾਡੇ ਬੱਚੇ ਦੂਜੀਆਂ ਭਾਸ਼ਾਵਾਂ ਨਾਲੋਂ ਜਿਆਦਾ ਪੰਜਾਬੀ ਨੂੰ ਜਾਣਦੇ ਹਨ। ਬਲਕਿ ਸਾਡੇ ਸਕੂਲਾਂ ਵਿੱਚ ਵੀ ਪੰਜਾਬੀ ਪੜ੍ਹਾਈ ਜਾਣ ਲੱਗੀ ਹੈ। ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਮਾਪਿਆਂ ਨੂੰ ਵੀ ਇਹ ਸ਼ੌਂਕ ਹੈ ਕਿ ਉਹਨਾਂ ਦੇ ਬੱਚੇ ਉਹਨਾਂ ਦੇ ਅਮੀਰ ਵਿਰਸੇ ਤੇ ਸੰਸਕਾਰਾਂ ਨਾਲ ਜੁੜੇ ਰਹਿਣ ਇਸ ਲਈ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾ ਰਹੇ ਹਨ। ਇਥੋਂ ਤੱਕ ਕੀ ਸਾਡੇ ਬੱਚੇ ਬਹੁਤ ਵਧੀਆ ਕੀਰਤਨ ਕਰਦੇ ਹਨ, ਪੰਜਾਬੀ ਬੋਲਦੇ ਹਨ ਤੇ ਦਸਤਾਰ ਵੀ ਸਜਾਉਂਦੇ ਨੇ। ਬਲਕਿ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਅਸੀਂ ਕੈਨੇਡਾ ਵਿੱਚ ਰਹਿ ਰਹੇ ਪੰਜਾਬੀ ਪੰਜਾਬ ਸੂਬੇ ਤੋਂ ਕਾਫੀ ਅੱਗੇ ਵੱਧ ਚੁੱਕੇ ਹਾਂ। ਪੰਜਾਬ ਆ ਕੇ ਮੈਨੂੰ ਇਹ ਦੇਖ ਕੇ ਬਹੁਤ ਸ਼ਰਮ ਮਹਿਸੂਸ ਹੁੰਦੀ ਹੈ ਕਿ ਜਦੋਂ ਬੱਚੇ ਸਕੂਲਾਂ ਤੋਂ ਘਰ ਆਉਂਦੇ ਹਨ ਤਾਂ ਮਾਪੇ ਉਹਨਾਂ ਨਾਲ ਇੰਗਲਿਸ਼ ਜਾਂ ਹਿੰਦੀ ਵਿੱਚ ਗੱਲਬਾਤ ਕਰਦੇ ਹਨ। ਜਦਕਿ ਅਸੀਂ ਕੈਨੇਡਾ ਵਿੱਚ ਰਹਿ ਰਹੇ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਨਾਲ ਪੰਜਾਬੀ ਵਿੱਚ ਹੀ ਗੱਲਬਾਤ ਕਰਦੇ ਹਾਂ। ਕੈਨੇਡਾ ਦੀ ਗੱਲ ਕਰੀਏ ਤਾਂ ਇੱਥੇ ਪੰਜਾਬੀ ਭਾਸ਼ਾ ਦੂਸਰੇ ਨੰਬਰ ਦੀ ਭਾਸ਼ਾ ਵਜੋਂ ਜਾਣੀ ਜਾਣ ਲੱਗੀ ਹੈ। ਕੈਨੇਡਾ ਵਿੱਚ 10 ਤੋਂ 12 ਐਮ.ਪੀ ਵੀ ਪੰਜਾਬੀ ਹੀ ਹਨ। ਪੰਜਾਬ ਆ ਕੇ ਮੈਨੂੰ ਇਹ ਮਹਿਸੂਸ ਹੁੰਦਾ ਹੈ ਕਿ ਬਾਹਰੀ ਦੇਸ਼ਾਂ ਨਾਲੋਂ ਪੰਜਾਬ ਵਿੱਚ ਹੀ ਮਾਂ ਬੋਲੀ ਪੰਜਾਬੀ ਦਾ ਪ੍ਰਚਾਰ ਅਤੇ ਪਾਸਾਰ ਕਰਨ ਦੀ ਜਿਆਦਾ ਜਰੂਰਤ ਹੈ।


**(ਬਾਕੀ ਅਗਲੇ ਅੰਕ ਵਿੱਚ)**





ਰੋਜ਼ਾਨਾ
ਵਿਸ਼ਵ ਪੰਜਾਬੀ ਸਾਂਝ
vishavpunjabisanjh@gmail.com

ਮਿਤੀ 03 ਫਰਵਰੀ ਸੋਮਵਾਰ 2025

# ਯਾਦਗਾਰੀ ਹੋ ਨਿਬੜਿਆ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਯੋਜਿਤ ਰੂਬਰੂ , ਸਨਮਾਨ ਸਮਾਰੋਹ ਅਤੇ ਕਵੀ ਦਰਬਾਰ








ਬਰੈਂਪਟਨ 03 ਫ਼ਰਵਰੀ ( ਵਿਸ਼ਵ ਪੰਜਾਬੀ ਸਾਂਝ ਕੈਨੇਡਾ) : ਵਿਸ਼ਵ ਪੰਜਾਬੀ ਸਭਾ ਵੱਲੋਂ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਹੇਠ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਆਯੋਜਿਤ ਪ੍ਰਿੰਸੀਪਲ ਸਤਵੰਤ ਕੌਰ ਕਲੋਟੀ ਦਾ ਰੂਬਰੂ , ਸਨਮਾਨ ਸਮਾਰੋਹ ਤੇ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ। ਇਸ ਸਮਾਰੋਹ ਦੌਰਾਨ ਸੰਸਥਾ ਦੀ ਚੇਅਰਪ੍ਰਸਨ ਰਮਿੰਦਰ ਵਾਲੀਆ ਨੇ ਮਹਿਮਾਨਾਂ ਦਾ ਸੁਆਗਤ ਕਰਦਿਆਂ ਦੱਸਿਆਂ ਕਿ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੇਸ਼ ਤੇ ਵਿਦੇਸ਼ ਵਿੱਚ ਮਾਂ ਬੋਲੀ ਪੰਜਾਬੀ. ਪੰਜਾਬੀਅਤ, ਕਲਾ, ਸਾਹਿਤ, ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਿਤ ਕਰਨ ਲਈ ਬਹੁਤ ਯਤਨਸ਼ੀਲ ਹਨ ਤੇ ਸਾਨੂੰ ਵੀ ਇਸ ਮਹਾਨ ਕਾਰਜ਼ ਵਿੱਚ ਉਹਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਹਿਯੋਗ ਕਰਨਾ ਚਾਹੀਦਾ ਹੈ। ਇਸ ਅਵਸਰ ਤੇ ਨਾਮਵਰ ਸ਼ਾਇਰਾ , ਕਲਾਕਾਰਾ ਤੇ ਟੀ.ਵੀ. ਐਂਕਰ ਤੇ ਹੋਸਟ ਪਰਮਜੀਤ ਦਿਓਲ ਵੱਲੋਂ ਪ੍ਰਿੰ . ਸਤਵੰਤ ਕੌਰ ਕਲੋਟੀ ਦਾ ਰੂਬਰੂ ਕਰਦੇ ਹੋਏ ਉਹਨਾਂ ਦੀ ਜ਼ਿੰਦਗੀ ਅਤੇ ਲੇਖਣੀ ਬਾਰੇ ਸਵਾਲ ਜਵਾਬ ਕੀਤੇ। ਜਿਸ ਤੇ ਚਾਨਣਾ ਪਾਉਂਦਿਆਂ ਪ੍ਰਿੰ.ਕਲੋਟੀ ਨੇ ਦੱਸਿਆ ਕਿ ਪੇਸ਼ੇ ਦੇ ਤੌਰ ਤੇ ਉਹ ਇੱਕ ਸਾਇੰਸ ਅਧਿਆਪਕ ਹਨ ਤੇ ਇਸ ਸੰਬੰਧੀ ਉਹਨਾਂ ਵੱਲੋਂ ਜਾਣਕਾਰੀ ਭਰਪੂਰ ਚਾਰ ਕਿਤਾਬਾਂ ਲਿਖੀਆਂ ਗਈਆਂ ਹਨ, ਜੋਕਿ ਖ਼ਾਸ ਕਰਕੇ ਬੱਚਿਆਂ ਲਈ ਵੀ ਕਾਫ਼ੀ ਲਾਹੇਵੰਦ ਹਨ। ਇਸ ਤੋਂ ਬਾਅਦ ਕਵੀ ਦਰਬਾਰ ਵਿੱਚ ਉੱਚਕੋਟੀ ਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਜਦਕਿ ਗੀਤਕਾਰਾਂ ਵੱਲੋਂ ਵੀ ਖ਼ੂਬ ਰੰਗ ਬੰਨਿਆ ਗਿਆ।

ਸੁਰਿੰਦਰ ਸੂਰ, ਮੀਤਾ ਖੰਨਾ, ਦੀਪ ਕੁਲਦੀਪ, ਸੁਰਜੀਤ ਕੌਰ, ਮਕਸੂਦ ਚੌਧਰੀ, ਹਰਜੀਤ ਕੌਰ, ਸਨਮਵੀਰ ਕੌਰ , ਰਾਜਵੀਰ ਸਿੰਘ, ਸ.ਬਰਾੜ , ਹਰਦਿਆਲ ਸਿੰਘ ਝੀਤਾ, ਡਾ . ਮਨਜੀਤ ਸਿੰਘ ਅਤੇ ਪੀਡੀ ਸਿੰਘ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਤੇ ਸ਼ਾਇਰਾਂ ਨੇ ਵੀ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੇਸ਼ ਕੀਤੀਆਂ । ਪਰਮਜੀਤ ਦਿਓਲ ਵੱਲੋਂ ਕਵੀ ਦਰਬਾਰ ਦਾ ਸੰਚਾਲਨ ਬਾਖ਼ੂਬੀ ਅਦਾ ਕੀਤਾ ਗਿਆ।

ਅੰਤ ਵਿੱਚ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਵੱਲੋਂ ਪ੍ਰੋਗਰਾਮ ਵਿੱਚ ਹਾਜ਼ਰੀਨ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਭਾਰਤ ਅਤੇ ਪਾਕਿਸਤਾਨ ਵਿਖੇ ਪੰਜਾਬੀ ਮਾਂ ਬੋਲੀ ਦੇ ਪਾਸਾਰ ਤੇ ਪ੍ਰਚਾਰ ਲਈ ਆਯੋਜਿਤ ਹੋਈਆ ਵਿਸ਼ਵ ਪੰਜਾਬੀ ਕਾਨਫਰੰਸ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ। ਉਨਾਂ ਦੱਸਿਆ ਕਿ ਪਾਕਿਸਤਾਨ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ ਦੌਰਾਨ ਲਹਿੰਦੇ ਪੰਜਾਬ ਦੇ ਲੋਕਾਂ ਵੱਲੋਂ ਮਿਲੇ ਸਨੇਹ ਨੂੰ ਉਹ ਹਮੇਸ਼ਾ ਯਾਦ ਰੱਖਣਗੇ। ਇਸ ਦੌਰਾਨ ਉਨਾਂ ਨੇ ਫ਼ਰਵਰੀ ਮਹੀਨੇ ਵਿੱਚ ਭਾਰਤ ਅਤੇ ਪਾਕਿਸਤਾਨ ਵਿੱਚ ਹੋਣ ਵਾਲੇ ਪ੍ਰੋਗਰਾਮਾਂ ਦੀ ਜਾਣਕਾਰੀ ਵੀ ਸਾਂਝੀ ਕੀਤੀ।




NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING TROLLEYS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
FESTIVITY AND OCCASION
PUNJABI VIRSA DECOR
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING BASKETS
100 Kennedy Rd S,
Brampton, ON L6W 3E7, Canada
905-230-4800


JD WEB SERVICES
OUR SERVICES
GRAPHIC DESIGN
UI/UX DESIGN
WEB DESIGN
ANDROID APPS
WEB DEVELOPMENT
SOCIAL MEDIA PROMOTION
JASWINDER SINGH BITTA
+1 (647) 967-6630
JASHANDEEP SINGH
90416-19321
www.jdwebservices.com
OUR PRODUCTS
INVOICE
INVOICE MANAGEMENT SOFTWARE
VIEW DEMO
ADVOC8
ADVOCATE'S DAILY DIARY
MANAGEMENT SOFTWARE
VIEW DEMO
https://advoc8.in
CAREER ENGINE
OUR COURSES
GRAPHIC & MOTION DESIGN
FULL STACK DEVELOPMENT
FLUTTER APP DEVELOPMENT
7 MONTHS
COURSE DURATION
$100/- USD
FEE PER MONTH
www.careerengine.in


Weight
10 Pond
Price
$5.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਚੋਂ ਭਾਰਤ ਹੋਇਆ ਬਾਹਰ, ਆਖ਼ਰ ਕੌਣ ਬਣਾਉਂਦਾ ਇਹ ਸੂਚੀ ਤੇ ਕੀ ਨੇ ਮਾਪਦੰਡ ?



ਦਿੱਲੀ, 03 ਫਰਵਰੀ (ਜਸਵਿੰਦਰ ਸਿੰਘ ਬਿੱਟਾ)-ਗਲੋਬਲ ਫਾਇਰ ਪਾਵਰ ਇੰਡੈਕਸ ਨੇ ਹਾਲ ਹੀ ਵਿੱਚ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਹੈ। ਭਾਰਤ ਇਸ ਸੂਚੀ ਵਿੱਚ ਚੌਥੇ ਸਥਾਨ 'ਤੇ ਸੀ। ਇਹ ਸੂਚੀ ਸ਼ਕਤੀਸ਼ਾਲੀ ਦੇਸ਼ਾਂ ਦੀ ਫੌਜੀ ਤਾਕਤ ਦੇ ਆਧਾਰ 'ਤੇ ਬਣਾਈ ਗਈ ਸੀ। ਹੁਣ ਇੱਕ ਹੋਰ ਨਵੀਂ ਸੂਚੀ ਜਾਰੀ ਕੀਤੀ ਗਈ ਹੈ, ਜਿਸ ਵਿੱਚ 2025 ਵਿੱਚ ਦੁਨੀਆ ਦੇ ਚੋਟੀ ਦੇ 10 ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਨੂੰ ਦਰਜਾ ਦਿੱਤਾ ਗਿਆ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਰਤ ਨੂੰ ਇਸ ਸੂਚੀ ਵਿੱਚ ਜਗਹਾ ਨਹੀਂ ਦਿੱਤੀ ਗਈ ਹੈ। ਇਸ ਬਾਰੇ ਵੀ ਸਵਾਲ ਉਠਾਏ ਜਾ ਰਹੇ ਹਨ।

ਇਹ ਕਿਹਾ ਜਾ ਰਿਹਾ ਹੈ ਕਿ ਭਾਰਤ ਵਰਗੇ ਦੇਸ਼ ਨੂੰ ਸਭ ਤੋਂ ਵੱਧ ਆਬਾਦੀ, ਚੌਥੀ ਸਭ ਤੋਂ ਵੱਡੀ ਫੌਜੀ ਸ਼ਕਤੀ ਅਤੇ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲੇ ਦੇਸ਼ ਨੂੰ ਚੋਟੀ ਦੇ 10 ਤੋਂ ਕਿਵੇਂ ਬਾਹਰ ਰੱਖਿਆ ਜਾ ਸਕਦਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਦੁਨੀਆ ਦੇ ਸ਼ਕਤੀਸ਼ਾਲੀ ਦੇਸ਼ਾਂ ਦੀ ਇਹ ਸੂਚੀ ਕੌਣ ਤਿਆਰ ਕਰਦਾ ਹੈ ? ਇਹ ਸੂਚੀ ਇੰਨੀ ਮਹੱਤਵਪੂਰਨ ਕਿਉਂ ਹੈ ਤੇ ਦੁਨੀਆ ਦੇ ਚੋਟੀ ਦੇ 10 ਦੇਸ਼ਾਂ ਦੀ ਚੋਣ ਕਿਸ ਆਧਾਰ 'ਤੇ ਕੀਤੀ ਗਈ ਹੈ ?

ਫੋਰਬਸ ਦੁਆਰਾ ਦੁਨੀਆ ਦੇ ਚੋਟੀ ਦੇ 10 ਦੇਸ਼ਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਇਹ ਸੰਸਥਾ ਹਰ ਸਾਲ ਅਜਿਹੀਆਂ ਸੂਚੀਆਂ ਜਾਰੀ ਕਰਦੀ ਹੈ। ਇਸ ਤੋਂ ਇਲਾਵਾ, ਫੋਰਬਸ ਦੁਆਰਾ ਦੁਨੀਆ ਦੇ ਸਭ ਤੋਂ ਅਮੀਰ ਲੋਕਾਂ, ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਲੋਕਾਂ ਅਤੇ ਸਭ ਤੋਂ ਵੱਡੀਆਂ ਕੰਪਨੀਆਂ ਦੀ ਸੂਚੀ ਵੀ ਜਾਰੀ ਕੀਤੀ ਜਾਂਦੀ ਹੈ। ਇਹ ਕੰਪਨੀ ਆਪਣੀ ਰੈਂਕਿੰਗ ਸੂਚੀ ਕਈ ਮਾਪਦੰਡਾਂ 'ਤੇ ਅਧਾਰਤ ਕਰਦੀ ਹੈ, ਜਿਸ ਕਾਰਨ ਕੰਪਨੀ ਦੁਆਰਾ ਜਾਰੀ ਕੀਤੀ ਗਈ ਸੂਚੀ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ।

## ਭਾਰਤ ਟਾਪ-10 ਵਿੱਚ ਨਹੀਂ

*ਫੋਰਬਸ ਨੇ 2025 ਦੇ 10 ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਹੈ। ਇਸ ਵਿੱਚ ਅਮਰੀਕਾ 30.34 ਟ੍ਰਿਲੀਅਨ ਡਾਲਰ ਦੀ ਜੀ.ਡੀ.ਪੀ ਦੇ ਨਾਲ ਪਹਿਲੇ ਨੰਬਰ 'ਤੇ ਹੈ। ਇਸ ਤੋਂ ਬਾਅਦ, ਚੀਨ 19.53 ਟ੍ਰਿਲੀਅਨ ਡਾਲਰ ਦੀ ਜੀਡੀਪੀ ਨਾਲ ਦੂਜੇ ਸਥਾਨ 'ਤੇ ਹੈ, ਰੂਸ 2.2 ਟ੍ਰਿਲੀਅਨ ਡਾਲਰ ਦੀ ਜੀ.ਡੀ.ਪੀ ਨਾਲ ਤੀਜੇ ਸਥਾਨ 'ਤੇ ਹੈ। ਇਸ ਤੋਂ ਬਾਅਦ, ਯੂਨਾਈਟਿਡ ਕਿੰਗਡਮ, ਜਰਮਨੀ, ਦੱਖਣੀ ਕੋਰੀਆ, ਫਰਾਂਸ, ਜਾਪਾਨ, ਸਾਊਦੀ ਅਰਬ ਤੇ ਇਜ਼ਰਾਈਲ ਨੂੰ ਦਰਜਾ ਦਿੱਤਾ ਗਿਆ ਹੈ। ਭਾਰਤ ਨੂੰ ਚੋਟੀ ਦੇ 10 ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਵਿੱਚੋਂ ਬਾਹਰ ਰੱਖਿਆ ਗਿਆ ਹੈ।*

*ਫੋਰਬਸ ਨੇ ਕਿਹਾ ਕਿ ਰੈਂਕਿੰਗ ਮਾਡਲ ਬੀਏਵੀ ਗਰੁੱਪ ਦੁਆਰਾ ਤਿਆਰ ਕੀਤਾ ਗਿਆ ਹੈ, ਜੋ ਕਿ ਗਲੋਬਲ ਮਾਰਕੀਟਿੰਗ ਸੰਚਾਰ ਕੰਪਨੀ ਡਬਲਯੂ.ਪੀ.ਪੀ ਦੀ ਇੱਕ ਇਕਾਈ ਹੈ।। ਇਸ ਸੂਚੀ ਨੂੰ ਬਣਾਉਣ ਲਈ ਪੰਜ ਮਾਪਦੰਡ ਨਿਰਧਾਰਤ ਕੀਤੇ ਗਏ ਸਨ, ਜਿਸ ਵਿੱਚ ਸਾਰੇ ਦੇਸ਼ਾਂ ਨੂੰ ਨੇਤਾ, ਆਰਥਿਕ ਪ੍ਰਭਾਵ, ਰਾਜਨੀਤਿਕ ਪ੍ਰਭਾਵ, ਮਜ਼ਬੂਤ ਅੰਤਰਰਾਸ਼ਟਰੀ ਗੱਠਜੋੜ ਤੇ ਮਜ਼ਬੂਤ ਫੌਜ ਦੇ ਆਧਾਰ 'ਤੇ ਨੰਬਰ ਦਿੱਤਾ ਗਿਆ ਹੈ।*





















# 22.68 ਲੱਖ ਬਜ਼ੁਰਗ ਲਾਭਪਾਤਰੀਆਂ ਨੂੰ 3368.89 ਕਰੋੜ ਰੁਪਏ ਪੈਨਸ਼ਨ ਰਾਸ਼ੀ ਵੰਡੀ: ਡਾ. ਬਲਜੀਤ ਕੌਰ

ਨਵੀਂ ਦਿੱਲੀ, 03 ਫਰਵਰੀ (ਜਸਵਿੰਦਰ ਸਿੰਘ ਬਿੱਟਾ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਜ਼ੁਰਗ ਪੈਨਸ਼ਨ ਧਾਰਕਾਂ ਨੂੰ ਮਹੀਨਾ ਦਸੰਬਰ 2024 ਤੱਕ ਦੀ ਪੈਨਸ਼ਨ ਰਾਸ਼ੀ ਦੇ 3368.89 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਰਕਾਰ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਵੱਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਵੱਖ-ਵੱਖ ਵਰਗਾਂ ਦੇ ਕੁੱਲ 34 ਲੱਖ ਲਾਭਪਾਤਰੀ ਹਨ, ਜਿਨ੍ਹਾਂ ਵਿੱਚ ਬਜ਼ੁਰਗ, ਦਿਵਿਆਂਗ, ਵਿਧਵਾ ਤੇ ਬੇਸਹਾਰਾ ਔਰਤਾਂ ਅਤੇ ਆਸ਼ਰਿਤ ਬੱਚੇ ਸ਼ਾਮਲ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਕੁੱਲ 22.68 ਲੱਖ ਬਜ਼ੁਰਗ ਲਾਭਪਾਤਰੀ ਹਨ, ਜਿਨ੍ਹਾਂ ਨੂੰ ਮਹੀਨਾ ਦਸੰਬਰ 2024 ਤੱਕ ਦੀ ਪੈਨਸ਼ਨ ਰਾਸ਼ੀ ਦੇ 3368.89 ਕਰੋੜ ਵੰਡੇ ਜਾ ਚੁੱਕੇ ਹਨ।



**ਪੰਜਾਬ ਸਰਕਾਰ ਨੇ ਬੁਢਾਪਾ ਸਕੀਮ ਲਈ ਚਾਲੂ ਵਰ੍ਹੇ ਵਾਸਤੇ 4000 ਕਰੋੜ ਰੁਪਏ ਦਾ ਬਜਟ ਉਪਬੰਧ**

ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਵੱਖ-ਵੱਖ ਪੈਨਸ਼ਨ ਸਕੀਮਾਂ ਲਈ ਕੁੱਲ 5924.50 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਹੈ ਜਿਸ ਵਿੱਚੋਂ ਬੁਢਾਪਾ ਪੈਨਸ਼ਨ ਲਈ ਚਾਲੂ ਸਾਲ ਦੌਰਾਨ 4000 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ 65 ਜਾਂ ਉਸ ਤੋਂ ਉਪਰ ਉਮਰ ਦੇ ਬਜ਼ੁਰਗ ਵਿਅਕਤੀ ਅਤੇ 58 ਸਾਲ ਜਾਂ ਉਸ ਤੋਂ ਉਪਰ ਉਮਰ ਦੀਆਂ ਮਹਿਲਾਵਾਂ, ਜਿਨ੍ਹਾਂ ਦੀ ਸਾਲਾਨਾ ਆਮਦਨ 60,000 ਰੁਪਏ ਤੋਂ ਵੱਧ ਨਾ ਹੋਵੇ, ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹਨ।

ਮੰਤਰੀ ਨੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।

# ਕੈਨੇਡਾ-ਅਮਰੀਕਾ ਦੀ ਵਪਾਰ ਜੰਗ ਨੇ ਦੇਸ਼ਾਂ ਦੇ ਵਪਾਰੀ ਫ਼ਿਕਰਾਂ 'ਚ ਪਏ

ਕੈਨੇਡਾ,03 ਫਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਮੈਕਸੀਕੋ, ਕੈਨੇਡਾ ਅਤੇ ਚੀਨ 'ਤੇ ਸਖ਼ਤ ਟੈਰਿਫ਼ ਲਗਾਉਣ ਦੇ ਹੁਕਮਾਂ ਬਾਅਦ ਦੇਸ਼ਾਂ 'ਚ ਵਪਾਰ ਜੰਗ ਸ਼ੁਰੂ ਹੋ ਗਈ। ਜਿਸ ਦੇ ਜਵਾਬ 'ਚ ਕੈਨੇਡਾ ਅਤੇ ਮੈਕਸੀਕੋ ਨੇ ਵੀ ਕਾਰਵਾਈ ਸ਼ੁਰੂ ਕਰ ਦਿਤੀ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 155 ਅਰਬ ਡਾਲਰ ਤਕ ਦੇ ਅਮਰੀਕੀ ਆਯਾਤ 'ਤੇ 25% ਦੇ ਬਰਾਬਰ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਹੈ। ਟੈਰਿਫ਼ ਨੇ ਮਹਿੰਗਾਈ, ਆਰਥਕ ਵਿਕਾਸ ਅਤੇ ਵਪਾਰ ਜੰਗ ਦੀ ਸੰਭਾਵਨਾ ਬਾਰੇ ਚਿੰਤਾਵਾਂ ਪੈਦਾ ਕਰ ਦਿਤੀਆਂ ਹਨ।

ਅਮਰੀਕਾ ਅਤੇ ਕੈਨੇਡਾ ਵਲੋਂ ਇਕ-ਦੂਜੇ 'ਤੇ ਟੈਰਿਫ਼ ਲਗਾਉਣ ਨਾਲ ਦੋਵੇਂ ਮੁਲਕਾਂ ਦੇ ਵਪਾਰੀਆਂ ਦੇ ਮੱਥਿਆਂ 'ਤੇ ਚਿੰਤਾ ਦੀਆਂ ਲਕੀਰਾਂ ਉੱਭਰ ਆਈਆਂ ਹਨ। ਸਟੀਲ ਵਪਾਰੀਆਂ ਦਾ ਕਹਿਣਾ ਹੈ ਕਿ ਕਈ ਅਜਿਹੀਆਂ ਵਸਤਾਂ ਹਨ ਜੋ ਤਿਆਰੀ ਤੋਂ ਪਹਿਲਾਂ ਦੋ-ਤਿੰਨ ਵਾਰ ਆਰ-ਪਾਰ ਦਾ ਸਫ਼ਰ ਕਰਦੀਆਂ ਹਨ। ਉਨ੍ਹਾਂ ਸ਼ੰਕਾ ਪ੍ਰਗਟਾਈ ਕਿ ਟੈਰਿਫ਼ ਕਾਰਨ ਉਤਪਾਦਕਾਂ ਲਈ ਸੰਕਟ ਖੜ੍ਹਾ ਹੋ ਜਾਵੇਗਾ। ਅਮਰੀਕਾ ਦਾ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ) ਅਮਲਾ ਟੈਰਿਫ਼ ਬਾਰੇ ਦਿਸ਼ਾ-ਨਿਰਦੇਸ਼ ਨਾ ਹੋਣ ਕਰ ਕੇ ਉਹ ਟਰੱਕਾਂ ਨੂੰ ਲੰਘਣ ਦੇਣ ਜਾਂ ਰੋਕਣ ਬਾਰੇ ਦੁਚਿੱਤੀ 'ਚ ਫਸੇ ਰਹੇ। ਇਸ ਕਾਰਨ ਸਰਹੱਦੀ ਲਾਂਘਿਆਂ 'ਤੇ ਟਰੱਕਾਂ ਦੀਆਂ ਵੱਡੀਆਂ ਕਤਾਰਾਂ ਲੱਗ ਗਈਆਂ। ਕੁਝ ਟਰੱਕਾਂ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਲਈ ਉਹ ਘੰਟੇ ਬੜੇ ਔਖੇ ਸਨ। ਦੁਵੱਲੇ ਵਪਾਰ ਨਾਲ ਸਬੰਧਤ ਕੁਝ ਮਾਹਰਾਂ ਨੇ ਦੱਸਿਆ ਕਿ ਟੈਰਿਫ ਦਾ ਇਹ ਮਾਮਲਾ ਬਹੁਤੀ ਦੇਰ ਨਹੀਂ ਚੱਲ ਸਕਦਾ ਹੈ।



**ਬ੍ਰਿਟਿਸ਼ ਕੋਲੰਬੀਆ ਦੇ ਸਰਕਾਰੀ ਸਟੋਰਾਂ 'ਚੋਂ ਅਮਰੀਕੀ ਸ਼ਰਾਬ ਹਟਾਈ**

*ਬ੍ਰਿਟਿਸ਼ ਕੋਲੰਬੀਆ (ਬੀ.ਸੀ) ਦੇ ਪ੍ਰੀਮੀਅਰ ਡੇਵਿਡ ਏਬੀ ਨੇ ਸੂਬੇ ਦੇ ਲੋਕਾਂ ਨੂੰ ਕਿਹਾ ਹੈ ਕਿ ਉਹ ਅਮਰੀਕਾ ਤੋਂ ਸ਼ਰਾਬ ਖ਼ਰੀਦਣਾ ਬੰਦ ਕਰ ਦੇਣ। ਉਨ੍ਹਾਂ ਕਿਹਾ ਕਿ ਅਮਰੀਕਾ ਵਲੋਂ ਟੈਕਸ ਥੋਪੇ ਜਾਣ ਦੇ ਰੋਸ ਵਜੋਂ ਉਹ ਸਰਕਾਰੀ ਸਟੋਰਾਂ 'ਚੋਂ ਅਮਰੀਕੀ ਸ਼ਰਾਬ ਹਟਾ ਰਹੇ ਹਨ। ਟੀਵੀ 'ਤੇ ਦਿੱਤੇ ਸੁਨੇਹੇ 'ਚ ਏਬੀ ਨੇ ਟਰੰਪ ਪ੍ਰਸ਼ਾਸਨ ਦੇ ਫ਼ੈਸਲੇ ਨੂੰ 'ਭਰੋਸੇਯੋਗ ਭਾਈਵਾਲ ਅਤੇ ਦੋਸਤ ਵਿਰੁੱਧ ਆਰਥਿਕ ਜੰਗ ਦਾ ਐਲਾਨ' ਕਰਾਰ ਦਿਤਾ।*










# AI ਤੋਂ ਬਣੀਆਂ ਬਾਲ ਜਿਨਸੀ ਸ਼ੋਸ਼ਣ ਦੀਆਂ ਤਸਵੀਰਾਂ 'ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਦੇਸ਼ ਬਣਿਆ UK

ਦਿੱਲੀ, 03 ਫਰਵਰੀ (ਜਸਵਿੰਦਰ ਸਿੰਘ ਬਿੱਟਾ)-ਬ੍ਰਿਟੇਨ ਆਰਟੀਫੀਸ਼ਲ ਇੰਟੈਲੀਜੈਂਸ (AI) ਨਾਲ ਬਣੀਆਂ ਬੱਚੀਆਂ ਦੀਆਂ ਜਿਨਸੀ ਸ਼ੋਸ਼ਣ ਵਾਲੀਆਂ ਤਸਵੀਰਾਂ 'ਤੇ ਪਾਬੰਦੀ ਲਗਾਉਣ ਲਈ ਕਾਨੂੰਨ ਬਣਾਉਣ ਵਾਲਾ ਦੁਨੀਆਂ ਦਾ ਪਹਿਲਾ ਦੇਸ਼ ਬਣ ਗਿਆ ਹੈ। ਸਰਕਾਰ ਨੇ ਕਿਹਾ ਕਿ ਏ.ਆਈ ਟੂਲਸ ਦੀ ਦੁਰਵਰਤੋਂ ਕਰ ਕੇ ਬੱਚਿਆਂ ਦੀਆਂ ਅਸਲ ਤਸਵੀਰਾਂ ਨੂੰ ਐਡਿਟ ਕੀਤਾ ਜਾ ਰਿਹਾ ਹੈ, ਜਿਸ ਨਾਲ ਗੰਭੀਰ ਅਪਰਾਧ ਹੋ ਰਹੇ ਹਨ। ਅਜਿਹੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਬ੍ਰਿਟੇਨ ਨੇ ਇਹ ਕਦਮ ਵਧਦੇ ਸਾਈਬਰ ਅਪਰਾਧ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਹੋਏ ਚੁੱਕਿਆ ਹੈ।

### ਨਵੇਂ ਕਾਨੂੰਨ ਵਿੱਚ ਕੀ ਹਨ ਵਿਵਸਥਾਵਾਂ ?




ਇਸ ਕਾਨੂੰਨ ਤਹਿਤ, AI ਟੂਲ ਬਣਾਉਣਾ, ਰੱਖਣਾ ਅਤੇ ਸ਼ੇਅਰ ਗ਼ੈਰ-ਕਾਨੂੰਨੀ ਹੋਵੇਗਾ, ਜਿਸ ਨਾਲ 5 ਸਾਲ ਤੱਕ ਦੀ ਜੇਲ ਹੋ ਸਕਦੀ ਹੈ। ਇਸ ਤੋਂ ਇਲਾਵਾ, 'ਪੀਡੋਫ਼ਾਈਲ ਮੈਨੂਅਲ' ਰੱਖਣਾ ਵੀ ਅਪਰਾਧ ਹੋਵੇਗਾ ਜੋ ਲੋਕਾਂ ਨੂੰ ਸਿਖਾਉਂਦਾ ਹੈ ਕਿ ਏਆਈ ਦੀ ਵਰਤੋਂ ਕਰਦੇ ਹੋਏ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਿਵੇਂ ਕਰਨਾ ਹੈ। ਜੇਕਰ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਹਾਨੂੰ 3 ਸਾਲ ਤੱਕ ਦੀ ਸਜ਼ਾ ਹੋਵੇਗੀ। ਅਜਿਹੀਆਂ ਗ਼ੈਰ-ਕਾਨੂੰਨੀ ਸਮੱਗਰੀ ਨੂੰ ਸਾਂਝਾ ਕਰਨ ਵਾਲੀਆਂ ਵੈੱਬਸਾਈਟਾਂ ਚਲਾਉਣ ਵਾਲਿਆਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ। ਅਜਿਹੇ ਅਪਰਾਧੀਆਂ ਨੂੰ 10 ਸਾਲ ਤੱਕ ਦੀ ਕੈਦ ਹੋ ਸਕਦੀ ਹੈ।

ਇੰਟਰਨੈੱਟ ਵਾਚ ਫ਼ਾਊਂਡੇਸ਼ਨ (IWF) ਦੀ ਰਿਪੋਰ ਅਨੁਸਾਰ, 2024 ਵਿੱਚ ਡਾਰਕਵੈੱਬ 'ਤੇ 3,500 ਤੋਂ ਵੱਧ 19 ਦੁਆਰਾ ਤਿਆਰ ਬੱਚਿਆਂ ਨਾਲ ਬਦਸਲੂਕੀ ਦੀਆਂ ਤਸਵੀਰਾਂ ਪਾਈਆਂ ਗਈਆਂ ਸਨ। ਗੰਭੀਰ ਸ਼੍ਰੇਣੀ ਦੀਆਂ ਫ਼ੋਟੋਆਂ ਦੀ ਗਿਣਤੀ ਵੀ 10 ਫ਼ੀਸਦੀ ਵਧੀ ਹੈ। ਸਰਕਾਰ ਨੇ ਕ੍ਰਾਈਮ ਐਂਡ ਪੁਲਿਸਿੰਗ ਬਿੱਲ ਸੰਸਦ 'ਚ ਪੇਸ਼ ਕੀਤਾ ਹੈ,ਜੋ ਕਿ ਜਲਦ ਹੀ ਕਾਨੂੰਨ ਦੇ ਰੂਪ ਵਿਚ ਸਾਹਮਣੇ ਆ ਸਕਦਾ ਹੈ।

# ਕਿਰਪਾਲ ਸਾਗਰ ਅਕੈਡਮੀ ਵਿਖੇ ਤੀਹ ਸਾਲ ਪਹਿਲਾਂ ਪੜ੍ਹਿਆ ਅਮਰਿੰਦਰ ਸਿੰਘ ਗਿੱਲ ਨਿਊਜ਼ੀਲੈਂਡ ਤੋਂ ਨਤਮਸਤਕ ਹੋਣ ਆਇਆ ਪੰਜਾਬ




ਨਵਾਂ ਸ਼ਹਿਰ 3 ਫ਼ਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਤੀਹ ਸਾਲ ਪਹਿਲਾਂ ਕਿਰਪਾਲ ਸਾਗਰ ਅਕੈਡਮੀ ਵਿਖੇ ਪੜ੍ਹਾਈ ਕਰਨ ਵਾਲਾ ਅਮਰਿੰਦਰ ਸਿੰਘ ਗਿੱਲ ਜੋਕਿ ਨਿਊਜ਼ੀਲੈਂਡ ਵਿਖੇ ਰਹਿ ਰਿਹਾ ਹੈ, ਕਿਰਪਾਲ ਸਾਗਰ ਅਕੈਡਮੀ ਵਿਖੇ ਨਤਮਸਤਕ ਹੋਣ ਲਈ ਪੰਜਾਬ ਪਹੁੰਚਿਆ। ਅਮਰਿੰਦਰ ਸਿੰਘ ਗਿੱਲ ਕਿਰਪਾਲ ਸਾਗਰ ਅਕੈਡਮੀ ਦੇ ਪਹਿਲੇ ਬੈਚ ਦਾ ਵਿਦਿਆਰਥੀ ਹੈ। ਇਸ ਗੱਲ ਨੂੰ ਸਾਂਝਾ ਕਰਦਿਆਂ ਪ੍ਰਿੰਸੀਪਲ ਗੁਰਜੀਤ ਸਿੰਘ ਨੇ ਦੱਸਿਆ ਕਿ ਸੰਨ 1989 ਨੂੰ ਜਦੋਂ ਇਸ ਅਕੈਡਮੀ ਨੂੰ ਡਾਕਟਰ ਹਰਭਜਨ ਸਿੰਘ ਵੱਲੋਂ ਸ਼ੁਰੂ ਕੀਤਾ ਸੀ ਉਸ ਪਲ ਪਹਿਲੇ ਸਾਲ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਵਿੱਚ ਅਮਰਿੰਦਰ ਸਿੰਘ ਗਿੱਲ ਵੀ ਸ਼ਾਮਿਲ ਸੀ। ਉਸ ਦਾ ਅਕੈਡਮੀ ਨੰਬਰ 241 ਸੀ ਤੇ ਉਹ ਰਾਵੀ ਹਾਊਸ ਵਿੱਚ ਸ਼ਾਮਿਲ ਸੀ।

ਖੇਡਾਂ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣ ਵਾਲਾ ਅਮਰਿੰਦਰ ਸਿੰਘ ਗਿੱਲ ਕ੍ਰਾਈਸਟਚਰਚ, ਨਿਊਜ਼ੀਲੈਂਡ ਤੋਂ ਇੰਡੀਆ ਦੀ ਫੇਰੀ ਦੌਰਾਨ ਉਚੇਚੇ ਤੌਰ ਤੇ ਆਪਣੇ ਬਚਪਨ ਦੇ ਸਕੂਲ ਕਿਰਪਾਲ ਸਾਗਰ ਅਕੈਡਮੀ ਵਿਖੇ ਨਤਮਸਤਕ ਹੋਣ ਆਇਆ।

### ਨਿਊਜ਼ੀਲੈਂਡ ਦੇ ਲੋਕ ਹਰ ਸਮੇਂ ਸਹਾਇਤਾ ਕਰਨ ਲਈ ਰਹਿੰਦੇ ਹਨ ਤੱਤਪਰ

ਨਿਊਜ਼ੀਲੈਂਡ ਬੇਹੱਦ ਸ਼ਾਂਤ ਮੁਲਕ ਹੈ,ਜਿਸ ਦੀ ਆਬਾਦੀ 50 ਲੱਖ ਤੋਂ ਵੀ ਘੱਟ ਹੈ। ਲੋਕ ਬੇਹੱਦ ਸ਼ਲਾਘਾਯੋਗ ਹਨ, ਹਰ ਪਲ ਮੁਸਕਾਨ ਵਾਲੇ। ਕਿਤੇ ਵੀ ਹੋਵੇ ਉਹ ਤੁਹਾਡੇ ਕੰਮ ਆਉਣ ਲਈ ਤਿਆਰ ਬੈਠੇ ਹਨ। ਇੰਡੀਆ ਦੀ ਸਰਕਾਰ ਬਹੁਤ ਅਮੀਰ ਹੈ, ਪ੍ਰੰਤੂ ਮੁਲਕ ਗਰੀਬ ਲੋਕਾਂ ਨਾਲ ਭਰਿਆ ਪਿਆ ਹੈ।ਨਿਊਜ਼ੀਲੈਂਡ ਦੇ ਲੋਕਾਂ ਕੋਲ ਅਮੀਰੀ ਹੈ। ਸਰਕਾਰ ਉਹਨਾਂ ਦਾ ਹਰ ਪਲ ਧਿਆਨ ਰੱਖਦੀ ਹੈ। ਕੁਦਰਤੀ ਵਾਤਾਵਰਣ ਵਾਲੇ ਉਸ ਮੁਲਕ ਅੰਦਰ ਮੈਂ ਖ਼ੇਤੀਬਾੜੀ ਦਾ ਕੰਮ ਕਰਦਾ ਹਾਂ।

### ਅਮਰਿੰਦਰ ਗਿੱਲ ਨੇ ਸਾਂਝੀਆਂ ਕੀਤੀਆਂ ਯਾਦਾਂ

ਕਿਰਪਾਲ ਸਾਗਰ ਅਕੈਡਮੀ ਦੀਆਂ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਅਮਰਿੰਦਰ ਸਿੰਘ ਗਿੱਲ ਨੇ ਕਿਹਾ, ਉਸ ਸਮੇਂ ਮਿਸਟਰ ਪੰਨੂੰ ਸਰ ਪ੍ਰਿੰਸੀਪਲ ਸਨ, ਮਿਸਿਜ਼ ਕਲੇਰ ਵਾਰਡਨ ਤੇ ਸਕੂਲ ਇੰਚਾਰਜ ਕਰਨੈਲ ਸਰ ਸਨ। ਸਰੋਵਰ ਦੀ ਖੁਦਵਾਈ ਆਰੰਭੀ ਹੋਈ ਸੀ ਜਿਸ ਨੂੰ ਬੀ ਜੀ ਭਾਅ ਬੜੀ ਲਗਨ ਨਾਲ ਕਰਵਾਂਦੇ ਸਨ। ਮੈਨੂੰ ਫੁੱਟਬਾਲ ਖੇਡਣ ਦਾ ਜਨੂੰਨ ਸੀ ਤੇ ਮੈਂ ਰਾਵੀ ਹਾਊਸ ਦੀ ਟੀਮ ਦਾ ਪ੍ਰਮੁੱਖ ਖਿਡਾਰੀ ਸੀ। ਉਹ ਕੁਦਰਤੀ ਵਾਤਾਵਰਣ ਅੱਜ ਤੱਕ ਕਿਰਪਾਲ ਸਾਗਰ ਅਕੈਡਮੀ ਵਿਖੇ ਉਵੇਂ ਹੀ ਕਾਇਮ ਹੈ।ਆਪਣੀ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮੈਂ ਨਿਊਜ਼ੀਲੈਂਡ ਚਲਾ ਗਿਆ। ਮੇਰੇ ਦਾਦਾ ਸ੍ਰ.ਗੁਰਬਚਨ ਸਿੰਘ ਗਿੱਲ ਮੈਨੂੰ ਫੁੱਟਬਾਲ ਦਾ ਵੱਡਾ ਖਿਡਾਰੀ ਬਣਿਆ ਵੇਖਣਾ ਚਾਹੁੰਦੇ ਸਨ।ਉਹਨਾਂ ਦੀ ਸੁਹਜਮਈ ਦੂਰਦਰਸ਼ੀ ਨਜ਼ਰ ਸੀ ਤੇ ਕ੍ਰਿਪਾ ਕਿ ਮੈਂ ਨਿਊਜ਼ੀਲੈਂਡ ਵਿੱਚ ਇਸ ਖੇਡ ਵਿੱਚ ਬੇਹੱਦ ਮਕਬੂਲ ਖਿਡਾਰੀ ਬਣਿਆ। ਇਹ ਸਭ ਦੇਣ ਕਿਰਪਾਲ ਸਾਗਰ ਅਕੈਡਮੀ ਦੀ ਹੈ। ਮੇਰੀਆਂ ਬਾਲਪਨ ਦੀਆਂ ਨੀਹਾਂ ਵਿੱਚ ਜੋਂ ਇਸ ਸਕੂਲ ਨੇ ਭਰ ਦਿੱਤਾ ਉਹ ਉਮਰ ਭਰ ਮੇਰੇ ਕੰਮ ਆਇਆ। ਆਪਣੇ ਇਸ ਮੰਦਿਰ ਅੱਗੇ ਨਤਮਸਤਕ ਹੋ ਕੇ ਮੈਂ ਖੁਸ਼ੀ ਤੇ ਮਾਣ ਮਹਿਸੂਸ ਕਰ ਰਿਹਾ ਹਾਂ।ਕਿਰਪਾਲ ਸਾਗਰ ਅਕੈਡਮੀ ਦੇ ਚੇਅਰਮੈਨ ਡਾਕਟਰ ਕਰਮਜੀਤ ਸਿੰਘ, ਪ੍ਰਿੰਸੀਪਲ ਗੁਰਜੀਤ ਸਿੰਘ ਤੇ ਇਸ ਦੀ ਮੈਨੇਜਮੈਂਟ ਮੈਨੂੰ ਜੋਂ ਵੀ ਕਾਰਜ਼ ਕਹਿਣਗੇ, ਉਸ ਨੂੰ ਤਨਦੇਹੀ ਨਾਲ ਪੂਰਾ ਕਰਨ ਲਈ ਵਚਨਬੱਧ ਹੋਵਾਂਗਾ। ਆਪਣੇ ਮਾਤਾ ਪਿਤਾ ਜਸਬੀਰ ਕੌਰ ਤੇ ਬਲਰਾਜ ਸਿੰਘ ਗਿੱਲ ਤੋਂ ਬਾਅਦ ਮੈਨੂੰ ਜ਼ਿੰਦਗੀ ਵਿੱਚ ਜਿਹਨਾਂ ਤੇ ਵੀ ਮਾਣ ਹੈ, ਕਿਰਪਾਲ ਸਾਗਰ ਅਕੈਡਮੀ ਉਹਨਾਂ ਵਿੱਚੋਂ ਸਰਵੋਤਮ ਹੈ।30 ਸਾਲ ਬਾਅਦ ਇਸ ਅਸਥਾਨ ਤੇ ਆ ਕੇ ਮੈਨੂੰ ਆਪਣੇ ਬਚਪਨ ਦੇ ਉਹ ਸਾਰੇ ਮਿੱਤਰ, ਉਹ ਪਲ ਚੇਤੇ ਆ ਗਏ।

# BRAMPTON CASH AND CARRY

**WHOLESALER** | **IMPORTER**
**DISTRIBUTOR** | **RETAILER**

**Wholesaler, Importer, Distributor & Retailer of Restaurants Supply**








**BRAMPTON**
**CASH & CARRY**

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION– 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada
905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR




4.99 $

SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada
905-230-4800


GRAND
OPENING
3643 PORTAGE RD, NIAGARA FALLS
CONTACT: +1 (416)700-9100
COMING
SOON
BRAMPTON CASH
AND CARRY
BRAMPTON
CASH & CARRY
IMPORTER | WHOLESALER | RETAILER
OPEN EVERYDAY FROM
9:00 AM TO 9:00 PM


Weight
10 Pond
Price
$5.99
BRAMPTON
CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800